ਮਿੱਠੇ ਬੱਚੇ:- "ਮਿੱਠੇ ਬੱਚੇ :- ਇਸ ਸਮੇਂ ਤੁਹਾਨੂੰ ਨਿਰਾਕਾਰੀ ਮਤ ਮਿਲ ਰਹੀ ਹੈ, ਗੀਤਾ ਸ਼ਾਸਤਰ ਨਿਰਾਕਾਰੀ ਮਤ ਦਾ ਸ਼ਾਸਤਰ ਹੈ, ਸਾਕਾਰੀ ਮਤ ਦਾ ਨਹੀਂ, ਇਹ ਗੱਲ ਸਿੱਧ ਕਰੋ"

ਪ੍ਰਸ਼ਨ:- ਕਿਹੜੀ ਗੁਹੇ ਗੱਲ ਬੜੀ ਯੁਕਤੀ ਨਾਲ ਫਸਟਕਲਾਸ ਬੱਚੇ ਹੀ ਸਮਝ ਸਕਦੇ ਹਨ?

ਉੱਤਰ:- ਇਹ ਬ੍ਰਹਮਾ ਹੀ ਸ਼੍ਰੀਕ੍ਰਿਸ਼ਨ ਬਣਦੇ ਹਨ। ਬ੍ਰਹਮਾ ਨੂੰ ਪ੍ਰਜਾਪਿਤਾ ਕਹਾਂਗੇ ਸ਼੍ਰੀਕ੍ਰਿਸ਼ਨ ਨੂੰ ਨਹੀਂ। ਨਿਰਾਕਾਰ ਭਗਵਾਨ ਨੇ ਹੀ ਬ੍ਰਹਮਾ ਮੁਖ ਨਾਲ ਬ੍ਰਾਹਮਣ ਰਚੇ ਹਨ। ਸ਼੍ਰੀਕ੍ਰਿਸ਼ਨ ਤੇ ਛੋਟਾ ਬੱਚਾ ਹੈ। ਗੀਤਾ ਦਾ ਭਗਵਾਨ ਨਿਰਾਕਾਰ ਪਰਮਾਤਮਾ ਹੈ। ਸ਼੍ਰੀਕ੍ਰਿਸ਼ਨ ਦੀ ਆਤਮਾ ਨੇ ਪੁਰਸ਼ਾਰਥ ਕਰਕੇ ਇਹ ਪ੍ਰਾਲਬੱਧ ਪਾਈ ਹੈ। ਇਹ ਬੜੀਆਂ ਗੁਹੇ ਗੱਲਾਂ ਹਨ - ਜੋ ਫਸਟਕਲਾਸ ਬੱਚੇ ਹੀ ਯੁਕਤੀ ਨਾਲ ਸਮਝਾ ਸਕਦੇ ਹਨ। 20 ਨਾਖੁਨ ਦਾ ਜ਼ੋਰ ਦੇਕੇ ਇਹ ਗੱਲ ਸਿੱਧ ਕਰੋ ਤਾਂ ਹੀ ਸਰਵਿਸ ਵਿੱਚ ਸਫ਼ਲਤਾ ਹੋਵੇਗੀ।

ਗੀਤ:- ਕੌਣ ਆਇਆ ਮੇਰੇ ਮਨ ਕੇ ਦਵਾਰੇ...

ਓਮ ਸ਼ਾਂਤੀ। ਬੱਚਿਆਂ ਨੇ ਸੁਣਿਆ ਹੈ ਇਹ ਅੱਖ ਨਹੀਂ ਜਾਣ ਸਕਦੀ ਹੈ, ਕਿਸਨੂੰ? ਭਗਵਾਨ ਨੂੰ। ਇਹ ਅੱਖਾਂ ਸ਼੍ਰੀਕ੍ਰਿਸ਼ਨ ਨੂੰ ਤਾਂ ਜਾਣ ਸਕਦੀਆਂ ਹਨ। ਬਾਕੀ ਭਗਵਾਨ ਨੂੰ ਨਹੀਂ ਜਾਣ ਸਕਦੀਆਂ। ਆਤਮਾ ਹੀ ਪਰਮਾਤਮਾ ਨੂੰ ਜਾਣ ਸਕਦੀ ਹੈ। ਆਤਮਾ ਜਾਣਦੀ ਹੈ ਕਿ ਸਾਡਾ ਪਰਮਪਿਤਾ ਪਰਮਾਤਮਾ ਨਿਰਾਕਾਰ ਹੈ। ਨਿਰਾਕਾਰ ਹੋਣ ਦੇ ਕਾਰਨ, ਇਹਨਾਂ ਅੱਖਾਂ ਨਾਲ ਨਾ ਦੇਖਣ ਕਾਰਨ ਇੰਨੀ ਯਾਦ ਨਹੀਂ ਠਹਿਰਦੀ। ਇਹ ਨਿਰਾਕਾਰ ਬਾਪ ਨਿਰਾਕਾਰੀ ਬੱਚਿਆਂ (ਆਤਮਾਵਾਂ) ਨੂੰ ਕਹਿੰਦੇ ਹਨ। ਤੁਹਾਨੂੰ ਨਿਰਾਕਾਰੀ ਮਤ ਮਿਲਦੀ ਹੈ। ਗੀਤਾ ਸ਼ਾਸਤਰ ਹੈ ਹੀ ਨਿਰਾਕਾਰੀ ਮਤ ਦਾ। ਸਾਕਾਰੀ ਮਤ ਦਾ ਨਹੀਂ ਹੈ। ਗੀਤਾ ਧਰਮ ਸ਼ਾਸਤਰ ਹੈ ਨਾ। ਇਸਲਾਮੀਆਂ ਆਦਿ ਦਾ ਵੀ ਧਰਮ ਸ਼ਾਸਤਰ ਹੈ। ਇਬਰਾਹੀਮ ਨੇ ਉਚਾਰਿਆ, ਬੁੱਧ ਨੇ, ਕ੍ਰਾਇਸਟ ਨੇ ਉਚਾਰਾ। ਉਹਨਾਂ ਦੇ ਤੇ ਚਿੱਤਰ ਹਨ। ਗੀਤਾ ਜੋ ਸਰਵ ਸ਼ਾਸਤਰਮਈ ਸ਼੍ਰੋਮਣੀ ਹੈ, ਉਹਨਾਂ ਦੇ ਲਈ ਮਨੁੱਖਾਂ ਨੇ ਸ਼੍ਰੀਕ੍ਰਿਸ਼ਨ ਦਾ ਚਿੱਤਰ ਦਿਖਾ ਦਿੱਤਾ ਹੈ। ਪਰ ਬਾਪ ਸਮਝਾਉਂਦੇ ਹਨ ਇਹ ਰਾਂਗ ਹੈ। ਗੀਤਾ ਮੈਂ ਉਚਾਰੀ, ਮੈਂ ਰਾਜਯੋਗ ਸਿਖਾਇਆ ਅਤੇ ਸਵਰਗ ਦੀ ਸਥਾਪਨਾ ਕੀਤੀ ਹੈ। ਮੈਂ ਹਾਂ ਨਿਰਾਕਾਰ ਪਰਮਪਿਤਾ ਪਰਮਾਤਮਾ। ਮੈਂ ਤੁਸੀਂ ਸਰਵ ਆਤਮਾਵਾਂ ਦਾ ਬਾਪ ਮਨੁੱਖ ਸ੍ਰਿਸਟੀ ਦਾ ਬੀਜ਼ਰੂਪ ਹਾਂ। ਮੈਨੂੰ ਹੀ ਵਰੀਕ੍ਸ਼ਪਤੀ ਕਿਹਾ ਜਾਂਦਾ ਹੈ। ਸ਼੍ਰੀਕ੍ਰਿਸ਼ਨ ਨੂੰ ਵਰੀਕ੍ਸ਼ਪਤੀ ਨਹੀਂ ਕਹਾਂਗੇ। ਪਰਮਪਿਤਾ ਪਰਮਾਤਮਾ ਹੀ ਮਨੁੱਖ ਸ੍ਰਿਸ਼ਟੀ ਦਾ ਬੀਜ਼ਰੂਪ, ਕ੍ਰੀਏਟਰ ਹੈ। ਸ਼੍ਰੀਕ੍ਰਿਸ਼ਨ ਨੂੰ ਕ੍ਰੀਏਟਰ ਨਹੀਂ ਕਹਾਂਗੇ। ਉਹ ਤੇ ਸਿਰਫ਼ ਦੈਵੀ ਗੁਣ ਵਾਲਾ ਮਨੁੱਖ ਹੈ। ਭਗਵਾਨ ਹੈ ਇੱਕ। ਸ਼੍ਰੀਕ੍ਰਿਸ਼ਨ ਨੂੰ ਕੋਈ ਸਭ ਦਾ ਪਰਮਾਤਮਾ ਨਹੀਂ ਕਹਿ ਸਕਦੇ। ਬਾਪ ਕਹਿੰਦੇ ਹਨ ਮੈਂ 5 ਹਜ਼ਾਰ ਵਰ੍ਹੇ ਦੇ ਬਾਅਦ ਕਲਪ ਦੇ ਸੰਗਮ ਤੇ ਆਉਂਦਾ ਹਾਂ। ਮੈਂ ਸਾਰੀ ਸ੍ਰਿਸ਼ਟੀ ਦਾ ਬਾਪ ਹਾਂ, ਮੈਨੂੰ ਹੀ ਗੋਡ ਫ਼ਾਦਰ ਕਹਿੰਦੇ ਹਨ। ਸ਼੍ਰੀਕ੍ਰਿਸ਼ਨ ਦਾ ਨਾਮ ਦੇਣ ਨਾਲ ਪਰਮਪਿਤਾ ਪਰਮਾਤਮਾ ਨੂੰ ਜਾਣ ਨਹੀਂ ਸਕਦੇ। ਇਹ ਬੜੀ ਭਾਰੀ ਭੁੱਲ ਕਰ ਦਿੱਤੀ ਹੈ। ਗੀਤਾ ਦਵਾਰਾ ਆਦਿ ਸਨਾਤਨ ਦੇਵੀ - ਦੇਵਤਾ ਧਰਮ ਮੈਂ ਹੀ ਸਥਾਪਨ ਕੀਤਾ ਹੈ। ਮੈਨੂੰ ਸ਼ਿਵ ਅਤੇ ਰੁਦ੍ਰ ਭਗਵਾਨ ਵੀ ਕਿਹਾ ਜਾਂਦਾ ਹੈ ਹੋਰ ਕੋਈ ਵੀ ਸੂਕ੍ਸ਼੍ਮ ਦੇਵਤਾ ਨੂੰ ਜਾਂ ਮਨੁੱਖ ਨੂੰ ਭਗਵਾਨ ਨਹੀਂ ਕਿਹਾ ਜਾਂਦਾ। ਲਕਸ਼ਮੀ - ਨਾਰਾਇਣ ਆਦਿ ਕਿਸੇ ਨੂੰ ਪਰਮਾਤਮਾ ਨਹੀਂ ਕਿਹਾ ਜਾਂਦਾ ਹੈ। ਕਿਹਾ ਜਾਂਦਾ ਹੈ ਪਰਮਾਤਮਾ ਇੱਕ ਹੈ। ਭਗਵਾਨੁਵਾਚ ਵੀ ਹੈ ਤਾਂ ਜਰੂਰ ਭਗਵਾਨ ਆਇਆ ਹੋਵੇਗਾ ਅਤੇ ਆਕੇ ਰਾਜਯੋਗ ਸਿਖਾਇਆ ਹੈ। ਬਾਪ ਕਹਿੰਦੇ ਹਨ ਕਲਪ ਪਹਿਲੇ ਵੀ ਮੈਂ ਤੁਹਾਨੂੰ ਬੱਚਿਆਂ ਨੂੰ ਕਿਹਾ ਸੀ। ਸ਼੍ਰੀਕ੍ਰਿਸ਼ਨ ਕਦੀ ਵੀ ਬੱਚੇ- ਬੱਚੇ ਨਹੀਂ ਕਹਿ ਸਕਦੇ। ਪਰਮਪਿਤਾ ਪਰਮਾਤਮਾ ਹੀ ਸਭਨੂੰ ਬੱਚੇ ਕਹਿੰਦੇ ਹਨ। ਕਲਪ ਪਹਿਲੇ ਵੀ ਮੈਂ ਤੁਹਾਨੂੰ ਬੱਚਿਆਂ ਨੂੰ ਕਿਹਾ ਸੀ ਕਿ ਦੇਹੀ - ਅਭਿਮਾਨੀ ਬਣੋ, ਮੈਨੂੰ ਨਿਰੰਕਾਰ ਨੂੰ ਆਪਣਾ ਬਾਪ ਭਗਵਾਨ ਸਮਝੋਂ। ਸਾਕਾਰੀ ਬਾਪ ਪ੍ਰਜਾਪਿਤਾ ਬ੍ਰਹਮਾ ਠਹਿਰਾ ਕਿਉਂਕਿ ਬ੍ਰਹਮਾ ਦਵਾਰਾ ਹੀ ਭਗਵਾਨ ਨੇ ਬ੍ਰਾਹਮਣ ਬ੍ਰਹਮਣੀਆਂ ਰਚੇ ਹਨ। ਸ਼੍ਰੀਕ੍ਰਿਸ਼ਨ ਪ੍ਰਜਾਪਿਤਾ ਨਹੀਂ ਹੈ। ਭਗਵਾਨ ਕਹਿੰਦੇ ਹਨ ਮੈਂ ਬ੍ਰਹਮਾ ਮੁਖ ਦਵਾਰਾ ਬ੍ਰਾਹਮਣ ਬ੍ਰਹਮਣੀਆਂ ਰਚਦਾ ਹਾਂ। ਇਹ ਬ੍ਰਹਮਾ ਹੀ ਸ਼੍ਰੀਕ੍ਰਿਸ਼ਨ ਬਣਦਾ ਹੈ, ਇਹ ਕਿੰਨੀਆਂ ਗੁਹੇ ਗੱਲਾਂ ਹਨ। ਇਹ ਸਮਝਾਉਣ ਦੀਆਂ ਬੜੀਆਂ ਯੁਕਤੀਆਂ ਚਾਹੀਦੀਆਂ ਹਨ। ਫਸਟਕਾਲਸ ਬੱਚੀਆਂ ਹੀ ਸਮਝ ਸਕਣਗੀਆਂ। ਬਾਪ ਕਹਿੰਦੇ ਹਨ ਬਹੁਤ ਵਧੀਆ ਬੱਚਾ ਜਾਂ ਬੱਚੀ ਹੋਵੇ ਜੋ ਸਿੱਧ ਕਰੇ ਕਿ ਗੀਤਾ ਦਾ ਭਗਵਾਨ ਨਿਰਾਕਾਰ ਪਰਮਾਤਮਾ ਹੈ। ਜਿਸਨੇ ਗੀਤਾ ਰਚੀ ਉਸਨੇ ਹੀ ਬੱਚਿਆਂ ਨੂੰ ਰਾਜਯੋਗ ਸਿਖਾਇਆ ਅਤੇ ਸਵਰਗ ਰਚਿਆ। ਜਰੂਰ ਉੱਚੇ ਤੇ ਉੱਚਾ ਬਾਪ ਹੀ ਰਾਜਯੋਗ ਸਿਖਾਏਗਾ। ਸ਼੍ਰੀਕ੍ਰਿਸ਼ਨ ਨੇ ਤਾਂ ਪ੍ਰਾਲਬੱਧ ਪਾਈ ਹੈ। ਪ੍ਰਾਲਬੱਧ ਦੇਣ ਵਾਲਾ ਹੈ ਪਰਮਪਿਤਾ ਪਰਮਾਤਮਾ। ਸ਼੍ਰੀਕ੍ਰਿਸ਼ਨ ਹੈ ਉਹਨਾਂ ਦਾ ਬੱਚਾ। ਸ਼੍ਰੀਕ੍ਰਿਸ਼ਨ ਦੀ ਆਤਮਾ ਨੇ ਪੁਰਸ਼ਾਰਥ ਕੀਤਾ ਅਤੇ ਪ੍ਰਾਲਬੱਧ ਪਾਈ। ਪੁਰਸ਼ਾਰਥ ਕਰਵਾਉਣ ਵਾਲੇ ਨੂੰ ਉਡਾਕੇ, ਪੁਰਸ਼ਾਰਥ ਕਰ ਪ੍ਰਾਲਬੱਧ ਪਾਉਣ ਵਾਲੇ ਦਾ ਨਾਮ ਰੱਖ ਗੀਤਾ ਨੂੰ ਖੰਡਿਤ ਕਰ ਦਿੱਤਾ ਹੈ।

ਸਰਵਿਸ ਨੂੰ ਵਧਾਉਣ ਲਈ ਬੱਚਿਆਂ ਨੂੰ 20 ਨੋਹਾਂ ਦਾ ਜ਼ੋਰ ਦੇਣਾ ਚਾਹੀਦਾ ਹੈ। ਗੀਤਾ ਕਿਸਨੇ ਉਚਾਰੀ? ਗੀਤਾ ਦਵਾਰਾ ਕਿਹੜਾ ਧਰਮ ਕਿਸਨੇ ਸਥਾਪਨ ਕੀਤਾ? ਇਸ ਗੱਲ ਨਾਲ ਤੁਸੀਂ ਚੰਗੀ ਤਰ੍ਹਾਂ ਜਿੱਤ ਪਾ ਸਕਦੇ ਹੋ। ਪਰਮਪਿਤਾ ਪਰਮਾਤਮਾ ਦਵਾਰਾ ਸਵਰਗ ਦੇ ਮਾਲਿਕ ਬਣਦੇ ਹਨ, ਨਾ ਕਿ ਸ਼੍ਰੀਕ੍ਰਿਸ਼ਨ ਦਵਾਰਾ। ਤਾਂ ਇਸ ਗੱਲ ਵਿੱਚ ਬੜੀ ਮਿਹਨਤ ਕਰਨੀ ਹੈ। ਸਭ ਸ਼ਾਸਤਰ ਹਨ ਗੀਤਾ ਦੇ

ਬੱਚੇ। ਤਾਂ ਬੱਚਿਆਂ ਤੋਂ ਕਦੀ ਵਰਸਾ ਮਿਲ ਨਹੀਂ ਸਕਦਾ। ਵਰਸਾ ਤਾਂ ਜਰੂਰ ਬਾਪ ਹੀ ਦੇਣਗੇ। ਕਾਕਾ, ਚਾਚਾ, ਮਾਮਾ, ਗੁਰੂ ਆਦਿ ਕਿਸੇ ਕੋਲੋਂ ਵੀ ਵਰਸਾ ਨਹੀਂ ਮਿਲਦਾ ਹੈ। ਬੇਹੱਦ ਦੇ ਬਾਪ ਕੋਲੋਂ ਹੀ ਬੇਹੱਦ ਦਾ ਵਰਸਾ ਮਿਲਦਾ ਹੈ। ਇਹ ਲਿਖਤ ਇਵੇਂ ਸਾਫ਼ ਕਰ ਲਿਖਣੀ ਹੈ ਤਾਂ ਕਿ ਸਮਝ ਜਾਣ ਬਰੋਬਰ ਗੀਤਾ ਖੰਡਣ ਹੋਈ ਹੈ। ਗੀਤਾ ਨੂੰ ਡਿਫੇਮ ਕੀਤਾ ਹੈ, ਇਸਲਈ ਭਾਰਤ ਕੰਗਾਲ ਬਣ ਗਿਆ ਹੈ। ਕੌਡੀ ਤੁਲਜ ਬਣ ਗਿਆ ਹੈ। ਇਵੇਂ ਦੀ ਲਿਖਤ ਲਿਖੋ। ਭਾਰਤ ਨੂੰ ਸਵਰਗ ਬਣਾਉਣ ਵਾਲਾ ਕੌਣ? ਸਵਰਗ ਕਿੱਥੇ ਹੈ? ਕਲਿਯੁਗ ਦੇ ਬਾਅਦ ਸਤਿਯੁਗ ਹੋਵੇਗਾ ਤਾਂ ਉਹਨਾਂ ਦੀ ਸਥਾਪਨਾ ਸੰਗਮ ਤੇ ਹੀ ਹੋਣੀ ਚਾਹੀਦੀ ਹੈ। ਸ਼ਿਵ ਭਗਵਾਨੁਵਾਚ - ਮੈਂ ਕਲਪ - ਕਲਪ ਸੰਗਮ ਤੇ ਪਾਵਨ ਦੁਨੀਆਂ ਬਣਾਉਣ ਆਉਂਦਾ ਹਾਂ। ਇਵੇਂ ਸਿੱਧ ਕਰੋ ਜੋ ਸਮਝਣ ਕਿ ਸ਼ਿਵ ਪਰਮਾਤਮਾ ਹੀ ਸਭਨੂੰ ਦੁੱਖਾਂ ਤੋਂ ਲਿਬਰੇਟ ਕਰਦੇ ਹਨ, ਨਾ ਕਿ ਸ਼੍ਰੀਕ੍ਰਿਸਨ। ਗੀਤਾ ਦੇ ਭਗਵਾਨ ਨੂੰ ਜੋ ਸਮਝ ਜਾਣਗੇ ਉਹ ਹੀ ਆਕੇ ਫੁੱਲ ਚੜਾਉਣਗੇ। ਸਭ ਨਹੀਂ ਚੜਾਉਣਗੇ, ਤਾਂ ਸਮਝ ਗਏ ਜੋ ਸਮਝ ਗਏ ਉਹ ਫੁੱਲ ਬਣ ਬਲੀ ਚੜ ਜਾਣਗੇ। ਬਾਬਾ ਨੂੰ ਕੋਈ ਫੁੱਲ ਦਿੰਦੇ ਹਨ ਤਾਂ ਬਾਬਾ ਕਹਿੰਦੇ ਹਨ ਮੈਨੂੰ ਇਵੇਂ ਦੇ ਫੁੱਲ (ਬੱਚੇ) ਚਾਹੀਦੇ ਹਨ। ਕੰਡੇ ਮੇਰੇ ਤੇ ਬਲੀ ਚੜਨ ਤਾਂ ਮੈਂ ਉਹਨਾਂ ਨੂੰ ਫੁੱਲ ਬਣਾਵਾਂ। ਬਬੂਲਨਾਥ ਵੀ ਮੇਰਾ ਨਾਮ ਹੈ। ਬਬੂਲ ਦੇ ਕੰਡਿਆਂ ਨੂੰ ਫੁੱਲ ਬਣਾਉਣ ਵਾਲਾ ਮੈਨੂੰ ਹੀ ਕਹਿੰਦੇ ਹਨ, ਸ਼੍ਰੀਕ੍ਰਿਸ਼ਨ ਤੇ ਖੁਦ ਫੁੱਲ ਹਨ। ਉਹ ਹੈ ਗਾਰਡਨ ਆਫ਼ ਅਲਾਹ, ਇਹ ਹੈ ਡੇਵਿਲ ਫਾਰੈਸਟ। ਇਹਨਾਂ ਨੂੰ ਫਿਰ ਡੀਟੀ ਗਾਰਡਨ ਬਾਪ ਬਣਾਉਂਦਾ ਹੈ। ਤੁਸੀਂ ਹੀ ਨਵੀਂ ਦੁਨੀਆਂ ਦੇ ਮਾਲਿਕ ਬਣਦੇ ਹੋ। ਲਕਸ਼ਮੀ - ਨਾਰਾਇਣ ਦੀ ਡੀਨੇਸਟੀ ਕਹੀ ਗਈ ਹੈ। ਬ੍ਰਾਹਮਣ ਕੁਲ ਦੀ ਡੀਨੇਸਟੀ ਨਹੀਂ ਕਹਾਂਗੇ। ਇਹ ਬ੍ਰਾਹਮਣ ਕੁਲ ਹੈ। ਪਰਮਪਿਤਾ ਪਰਮਾਤਮਾ ਨੇ ਬ੍ਰਹਮਾ ਦਵਾਰਾ ਪ੍ਰਜਾ ਰਚੀ ਹੈ, ਇਸਲਈ ਇਹਨਾਂ ਨੂੰ ਪ੍ਰਜਾਪਿਤਾ ਕਿਹਾ ਜਾਂਦਾ ਹੈ। ਸ਼ਿਵਬਾਬਾ ਨੂੰ ਅਤੇ ਸ਼੍ਰੀਕ੍ਰਿਸ਼ਨ ਨੂੰ ਪ੍ਰਜਾਪਿਤਾ ਨਹੀਂ ਕਹਾਂਗੇ। ਇਹ ਤਾਂ ਕ੍ਰਿਸ਼ਨ ਤੇ ਕਲੰਕ ਲਗਾਏ ਹਨ ਕਿ 16108 ਰਾਣੀਆਂ ਸਨ ਇਹ ਤਾਂ ਪ੍ਰਜਾਪਿਤਾ ਬ੍ਰਹਮਾ ਨੇ ਇੰਨੇ ਬੱਚੇ ਅਤੇ ਬੱਚੀਆਂ ਪੈਦਾ ਕੀਤੀਆਂ ਹਨ।

ਗਿਆਨ ਦਾ ਸਾਗਰ ਹੈ ਹੀ ਇੱਕ ਪਰਮਪਿਤਾ ਪਰਮਾਤਮਾ। ਪਾਪ ਦਾ ਦੰਡ ਧਰਮਰਾਜ ਦਿੰਦੇ ਹਨ। ਪ੍ਰੈਜ਼ੀਡੈਂਟ ਨੂੰ ਵੀ ਵੱਡੇ ਤੋਂ ਵੱਡਾ ਜੱਜ ਕਸਮ ਦੇਣਗੇ। ਰਾਜਾ ਕੋਲੋਂ ਕਦੀ ਕਸਮ ਨਹੀਂ ਉਠਾਇਆ ਜਾਂਦਾ ਹੈ ਕਿਉਂਕਿ ਉਹਨਾਂ ਨੂੰ ਰਾਜਾ ਬਣਾਉਂਦਾ ਹੈ ਭਗਵਾਨ। ਉਹ ਹਨ ਅਲਪਕਾਲ ਦੇ ਲਈ। ਇੱਥੇ ਤਾਂ ਬਾਪ 21 ਜਨਮਾਂ ਦੇ ਲਈ ਰਾਜਭਾਗ ਦਿੰਦੇ ਹਨ। ਉੱਥੇ ਕਸਮ ਉਠਾਉਣ ਦੀ ਗੱਲ ਨਹੀਂ ਹੈ। ਇਹ ਮਨੁੱਖ ਸ੍ਰਿਸ਼ਟੀ ਰੂਪੀ ਬ੍ਰਿਖ ਹੈ, ਕੋਈ ਜੰਗਲੀ ਬ੍ਰਿਖ ਨਹੀਂ ਹੈ। ਪਰਮਪਿਤਾ ਪਰਮਾਤਮਾ ਨੂੰ ਬ੍ਰਿਖਪਤੀ ਕਿਹਾ ਜਾਂਦਾ ਹੈ। ਸ਼੍ਰੀਕ੍ਰਿਸ਼ਨ ਇਸ ਬ੍ਰਿਖ ਦਾ ਰਾਜ਼ ਨਹੀਂ ਦੱਸ ਸਕਦੇ, ਬ੍ਰਿਖਪਤੀ ਹੀ ਸਮਝਾ ਸਕਦੇ ਹਨ। ਨਰ ਤੋਂ ਨਾਰਾਇਣ ਤਾਂ ਬਾਪ ਹੀ ਬਣਾਉਣਗੇ,, ਨਾ ਕਿ ਸ਼੍ਰੀਕ੍ਰਿਸ਼ਨ। ਮੁਖ ਧਰਮ ਸ਼ਾਸਤਰ ਹਨ 4, ਬਾਕੀ ਸਭ ਹਨ ਦੰਤ ਕਥਾਵਾਂ। ਪਹਿਲਾ - ਪਹਿਲਾ ਧਰਮ ਕਿਹੜਾ ਸਥਾਪਨ ਹੋਇਆ ਅਤੇ ਕਿਸਦੇ ਦਵਾਰਾ? ਸਵਰਗ ਵਿੱਚ ਸਨ ਦੇਵੀ - ਦੇਵਤਾ ਧਰਮ, ਤਾਂ ਜਰੂਰ ਉਹ ਬਾਪ ਹੀ ਰਚੇਗਾ। ਬਾਪ ਪੁਰਾਣੀ ਦੁਨੀਆਂ ਤੋਂ ਲਿਬ੍ਰੇਟ ਕਰਦੇ ਹਨ ਕਿਉਂਕਿ ਦੁੱਖ ਬਹੁਤ ਹਨ। ਤ੍ਰਾਹਿ - ਤ੍ਰਾਹਿ ਕਰਦੇ ਹਨ। ਬਾਪ ਕੋਲੋਂ ਸਵਰਗ ਦਾ ਵਰਸਾ ਲੈਣਾ ਹੈ ਤਾਂ ਹੁਣ ਲਵੋ। ਸਾਧਾਰਨ ਆਦਮੀ ਕੋਈ ਵਰਸਾ ਦੇ ਨਹੀਂ ਸਕਦਾ। ਬੱਚਿਆਂ ਨੂੰ ਸਰਵ ਪ੍ਰਾਪਤੀ ਕਰਾਉਣ ਵਾਲਾ ਹੈ ਹੀ ਬਾਪ। ਬੇਹੱਦ ਦਾ ਬਾਪ ਹੀ ਸਵਰਗ ਦਾ ਮਾਲਿਕ ਬਣਾਉਂਦਾ ਹੈ। ਇਵੇਂ - ਇਵੇਂ ਦੀ ਟੈਮਟੇਸ਼ਨ ਦੇਣੀ ਹੈ। ਜਿਵੇਂ ਸ਼ਿਕਾਰੀ ਲੋਕ ਕਿਸੇ ਨਾਲ ਸ਼ਿਕਾਰ ਕਰਾਉਂਦੇ ਹਨ ਤਾਂ ਸਾਰੀ ਤਿਆਰੀ ਕਰ ਸਾਹਮਣੇ ਲਿਆ ਕੇ ਸਿਰਫ ਉਹਨਾਂ ਦਾ ਸ਼ਿਕਾਰ ਕਰਾਉਂਦੇ ਹਨ। ਇੱਥੇ ਸ਼ਿਕਾਰ ਕਰਨਾ ਹੈ ਮਾਤਾਵਾਂ ਦਾ। ਬਾਪ ਕਹਿੰਦੇ ਹਨ ਸ਼ਿਕਾਰ ਮਾਤਾਵਾਂ ਦੇ ਅੱਗੇ ਲੈ ਆਉਣਾ ਹੈ। ਮਾਤਾਵਾਂ ਬਹੁਤ ਹਨ। ਨਾਮ ਇੱਕ ਦਾ ਬਾਲਾ ਹੋ ਜਾਂਦਾ ਹੈ। ਤੁਸੀਂ ਸ਼ਕਤੀ ਸੈਨਾ ਹੋ। ਸ਼ਕਤੀ ਡੀਨੇਸਿਟੀ ਨਹੀਂ ਕਹਾਂਗੇ। ਸ਼ਕਤੀ ਸੈਨਾ ਦਾ ਮੁਖ ਹੈ ਜਗਦੰਬਾ, ਕਾਲੀ, ਸਰਸਵਤੀ। ਬਾਕੀ ਚੰਡਿਕਾ ਆਦਿ ਉਲਟੇ ਨਾਮ ਵੀ ਬਹੁਤ ਰੱਖ ਦਿੱਤੇ ਹਨ। ਤਾਂ ਤੁਸੀਂ ਬੱਚਿਆਂ ਨੂੰ ਅਜਿਹੀ ਗੱਲਾਂ ਤੇ ਕਲੀਅਰ ਕਰਨਾ ਹੈ ਕਿ ਉੱਚੇ ਤੇ ਉੱਚਾ ਭਗਵਾਨ ਫਿਰ ਬ੍ਰਹਮਾ ਵਿਸ਼ਨੂੰ ਸ਼ੰਕਰ। ਪ੍ਰਜਾਪਿਤਾ ਬ੍ਰਹਮਾ ਦੀ ਬੇਟੀ ਹੈ ਸਰਸਵਤੀ। ਉਹਨਾਂ ਨੂੰ ਗਾਡੇਜ ਆਫ਼ ਨਾਲੇਜ ਕਹਿੰਦੇ ਹਨ। ਤਾਂ ਜਰੂਰ ਉਹਨਾਂ ਦੇ ਬੱਚਿਆਂ ਨੂੰ ਵੀ ਗਾਡੇਜ ਆਫ਼ ਨਾਲੇਜ਼ ਕਹਾਂਗੇ। ਅੰਤ ਵਿੱਚ ਵਿਜੇ ਤਾਂ ਤੁਹਾਡੀ ਹੋਣ ਵਾਲੀ ਹੈ। ਕੋਈ - ਕੋਈ ਗੀਤਾ ਤੋਂ ਵੇਦਾਂ ਦਾ ਮਾਨ ਜ਼ਿਆਦਾ ਰੱਖਦੇ ਹਨ। ਤਾਂ ਵੀ ਗੀਤਾ ਦਾ ਪ੍ਰਚਾਰ ਜ਼ਿਆਦਾ ਹੈ। ਬਾਪ ਕਹਿੰਦੇ ਹਨ ਮੈਂ ਆਉਂਦਾ ਹਾਂ ਸੰਗਮਯੁਗ ਤੇ। ਸ਼੍ਰੀਕ੍ਰਿਸ਼ਨ ਦਾ ਚਿੱਤਰ ਹੈ ਹੀ ਸਤਿਯੁਗ ਦਾ। ਫਿਰ 84 ਜਨਮਾਂ ਦਾ ਰੂਪ ਬਦਲਦਾ ਜਾਂਦਾ ਹੈ। ਗਿਆਨੀ ਤੂੰ ਆਤਮਾ ਉਦੋਂ ਬਣ ਸਕਦੇ ਹਨ ਜਦੋਂ ਪਰਮਪਿਤਾ ਪਰਮਾਤਮਾ ਆਕੇ ਆਤਮਾ ਦਾ ਗਿਆਨ ਦੇਣ। ਪਰਮਪਿਤਾ ਪਰਮਾਤਮਾ ਹੈ ਗਿਆਨ ਦਾ ਸਾਗਰ। ਉਹਨਾਂ ਦਵਾਰਾ ਤੁਸੀਂ ਗਿਆਨੀ ਤੂੰ ਆਤਮਾ ਬਣਦੇ ਹੋ। ਬਾਕੀ ਸਭ ਹਨ ਭਗਤ ਤੂੰ ਆਤਮਾ। ਬਾਪ ਕਹਿੰਦੇ ਹਨ ਮੈਨੂੰ ਗਿਆਨੀ ਤੂੰ ਆਤਮਾ ਪ੍ਰਿਯ ਲੱਗਦੇ ਹਨ। ਮਹਿਮਾ ਸਾਰੀ ਗੀਤਾ ਦੀ ਹੈ। ਧਿਆਨੀ ਤੋਂ ਗਿਆਨੀ ਸ਼੍ਰੇਸ਼ਠ ਹਨ। ਧਿਆਨ ਟ੍ਰਾਂਸ ਨੂੰ ਕਿਹਾ ਜਾਂਦਾ ਹੈ। ਇਹ ਤਾਂ ਬਾਪ ਦੇ ਨਾਲ ਯੋਗ ਲਗਾਉਣਾ ਹੈ। ਧਿਆਨ ਵਿੱਚ ਜਾਣ ਨਾਲ ਕੋਈ ਵੀ ਫ਼ਾਇਦਾ ਨਹੀਂ ਹੈ। ਬਾਪ ਕਹਿੰਦੇ ਹਨ ਮੈਂ ਰਾਜਯੋਗ ਸਿਖਾਇਆ ਸੀ। ਸ਼੍ਰੀਕ੍ਰਿਸ਼ਨ ਨੂੰ ਇਹ ਪ੍ਰਾਲਬੱਧ ਮੈਂ ਹੀ ਦਿੱਤੀ ਸੀ। ਜਰੂਰ ਅਗਲੇ ਜਨਮ ਵਿੱਚ ਪੁਰਸ਼ਾਰਥ ਕੀਤਾ ਹੋਵੇਗਾ। ਸਾਰੀ ਸੂਰਜਵੰਸ਼ੀ ਰਾਜਧਾਨੀ ਨੇ ਮੇਰੇ ਦਵਾਰਾ ਹੀ ਪ੍ਰਾਲਬੱਧ ਪਾਈ ਹੈ। ਦੇਲਵਾੜਾ ਮੰਦਿਰ ਦਾ ਕਾਨਟ੍ਰਾਸਟ ਵੀ ਲਿਖੋ ਜੋ ਪੜਨ ਨਾਲ ਹੀ ਮਨੁੱਖਾਂ ਨੂੰ ਝੱਟ ਤੀਰ ਲਗ ਜਾਏ। ਫਾਰਮ ਵੀ ਭਰਾਉਣਾ ਹੈ ਕਿ ਬੇਹੱਦ ਦਾ ਬਾਪ ਗਿਆਨ ਦਾ ਸਾਗਰ ਹੈ, ਬਹੁਤ ਮਿੱਠਾ ਹੈ, ਸਾਨੂੰ ਰਾਜਯੋਗ ਸਿਖਾਉਂਦਾ ਹੈ। ਉਸ ਸਤਿਗੁਰੂ ਬਿਗਰ ਹੈ ਘੋਰ ਹਨ੍ਹੇਰਾ। ਅਜਿਹੇ ਬਾਪ ਦੀ ਮਹਿਮਾ ਕਰਨ ਨਾਲ ਬੁੱਧੀ ਵਿੱਚ ਲਵ ਆਏਗਾ। ਬਾਪ ਸਮੁੱਖ ਆਕੇ ਜਨਮ ਦੇਣ ਤਾਂ ਤੇ ਲਵ ਹੋਵੇਗਾ ਨਾ। ਤੁਹਾਨੂੰ ਜਨਮ ਦਿੱਤਾ ਹੈ ਤਾਂ ਤੋਂ ਲਵ ਹੋਇਆ ਹੈ। ਬਾਪ ਕਹਿਣ ਨਾਲ ਹੀ ਸਵਰਗ ਯਾਦ ਆਉਂਦਾ ਹੈ। ਬਾਬਾ ਸਵਰਗ ਦੀ ਸਥਾਪਨਾ ਕਰਦੇ ਹਨ। ਅਸੀਂ ਉਹਨਾਂ ਕੋਲੋਂ ਵਰਸਾ ਲੈ ਰਹੇ ਹਾਂ। ਵਿਸ਼ਵਾਸ ਕਰੋ ਜਾਂ ਨਾ ਕਰੋ। ਬੇਹੱਦ ਦਾ ਬਾਪ ਤਾਂ ਸਭ ਦਾ ਬਾਪ ਹੈ, ਉਸ ਨਾਲ ਜਰੂਰ ਸਵਰਗ ਦਾ ਵਰਸਾ ਮਿਲੇਗਾ। ਬਾਪ ਹੈ ਹੀ ਨਵੀ ਦੁਨੀਆਂ ਦਾ ਰਚਿਯਤਾ। ਤਾਂ ਜਰੂਰ ਨਵੀਂ ਦੁਨੀਆਂ

ਦਾ ਵਰਸਾ ਦਵੇਗਾ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਬਾਪ ਦਾ ਪ੍ਰਿਯ ਬਣਨ ਦੇ ਲਈ ਬੁੱਧੀ ਵਿੱਚ ਗਿਆਨ ਨੂੰ ਧਾਰਣ ਕਰ ਗਿਆਨੀ ਤੂੰ ਆਤਮਾ ਬਣਨਾ ਹੈ। ਬਾਪ ਨਾਲ ਯੋਗ ਲਗਾਉਣਾ ਹੈ। ਧਿਆਨ ਦੀ ਆਸ਼ ਨਹੀਂ ਰੱਖਣੀ ਹੈ।

**2.** ਮਾਤਾਵਾਂ ਨੂੰ ਅੱਗੇ ਰੱਖ ਉਹਨਾਂ ਦਾ ਨਾਮ ਵਧਾਉਣਾ ਹੈ। ਅਥਾਰਿਟੀ ਨਾਲ ਗੀਤਾ ਦੇ ਭਗਵਾਨ ਨੂੰ ਸਿੱਧ ਕਰਨਾ ਹੈ। 20 ਨਾਖ਼ੁਨ ਦੇ ਜ਼ੋਰ ਨਾਲ ਸਰਵਿਸ ਨੂੰ ਵਧਾਉਣਾ ਹੈ।

ਵਰਦਾਨ:- ਸ਼੍ਰੇਸ਼ਠ ਜੀਵਨ ਦੀ ਸਮ੍ਰਿਤੀ ਦਵਾਰਾ ਵਿਸ਼ਾਲ ਸਟੇਜ ਤੇ ਵਿਸ਼ੇਸ਼ ਪਾਰ੍ਹ ਵਜਾਉਣ ਵਾਲੇ ਹੀਰੋ ਪਾਰ੍ਹਧਾਰੀ ਭਵ

ਬ੍ਰਹਮਾ ਬਾਪ ਨੇ ਤੁਸੀਂ ਬਚਿਆਂ ਨੂੰ ਦਿਵਯ ਜਨਮ ਦਿੰਦੇ ਹੀ ਪਵਿੱਤਰ ਭਵ ਯੋਗੀ ਭਵ ਦਾ ਵਰਦਾਨ ਦਿੱਤਾ। ਜੰਮਦੇ ਹੀ ਵੱਡੀ ਮਾਂ ਦੇ ਰੂਪ ਵਿੱਚ ਪਵਿੱਤਰਤਾ ਦੇ ਪਿਆਰ ਨਾਲ ਪਾਲਣਾ ਕੀਤੀ। ਸਦਾ ਖੁਸ਼ੀਆਂ ਦੇ ਝੂਲੇ ਵਿੱਚ ਝੁਲਾਇਆ, ਸਰਵਗੁਣ ਮੂਰਤ, ਗਿਆਨ ਮੂਰਤ, ਸੁਖ ਸ਼ਾਂਤੀ ਸਵਰੂਪ ਬਣਨ ਦੀ ਹਰ ਰੋਜ਼ ਲੋਰੀ ਦਿੱਤੀ, ਅਜਿਹੇ ਮਾਤ - ਪਿਤਾ ਦੇ ਸ਼੍ਰੇਸ਼ਠ ਬੱਚੇ ਬ੍ਰਹਮਾਕੁਮਾਰ ਕੁਮਾਰੀ ਹਨ, ਇਸ ਜੀਵਨ ਦੇ ਮਹੱਤਵ ਨੂੰ ਸਮ੍ਰਿਤੀ ਵਿੱਚ ਰੱਖ ਵਿਸ਼ਵ ਦੀ ਵਿਸ਼ਾਲ ਸਟੇਜ ਤੇ ਵਿਸ਼ੇਸ਼ ਪਾਰ੍ਹ, ਹੀਰੋ ਪਾਰ੍ਹ ਵਜਾਓ।

ਸਲੋਗਨ:- ਬਿੰਦੂ ਸ਼ਬਦ ਦੇ ਮਹੱਤਵ ਨੂੰ ਜਾਣ ਬਿੰਦੂ ਬਣ, ਬਿੰਦੂ ਬਾਪ ਨੂੰ ਯਾਦ ਕਰਨਾ ਹੀ ਯੋਗੀ ਬਣਨਾ ਹੈ।

******

ਮਾਤਸ਼ਵਰੀ ਜੀ ਦੇ ਅਨਮੋਲ ਮਹਾਵਾਕ

ਪਹਿਲੇ ਪਹਿਲੇ ਇਹ ਜਾਨਣਾ ਜਰੂਰੀ ਹੈ ਕਿ ਆਪਣਾ ਅਸਲੀ ਲਕਸ਼ ਕੀ ਹੈ? ਉਹ ਵੀ ਚੰਗੀ ਤਰ੍ਹਾਂ ਬੁੱਧੀ ਵਿੱਚ ਧਾਰਨ ਕਰਨਾ ਹੈ ਤਾਂ ਹੀ ਪੂਰੀ ਤਰ੍ਹਾਂ ਨਾਲ ਉਸ ਲਕਸ਼ ਵਿੱਚ ਉਪਸਥਿਤ ਹੋ ਸਕੋਂਗੇ। ਆਪਣਾ ਅਸਲੀ ਲਕਸ਼ ਹੈ - ਮੈਂ ਆਤਮਾ ਉਸ ਪਰਮਾਤਮਾ ਦੀ ਸੰਤਾਨ ਹਾਂ। ਅਸਲ ਵਿੱਚ ਕਰਮਾਂਤੀਤ ਹਾਂ ਫਿਰ ਆਪਣੇ ਨੂੰ ਭੁਲਣ ਨਾਲ ਕਰਮਬੰਧਨ ਵਿੱਚ ਆ ਗਈ, ਹੁਣ ਫਿਰ ਤੋਂ ਉਹ ਯਾਦ ਆਉਣ ਨਾਲ, ਇਸ ਈਸ਼ਵਰੀ ਯੋਗ ਵਿੱਚ ਰਹਿਣ ਨਾਲ ਆਪਣੇ ਕੀਤੇ ਹੋਏ ਵਿਕਰਮ ਵਿਨਾਸ਼ ਕਰ ਰਹੇ ਹਾਂ। ਤਾਂ ਆਪਣਾ ਲਕਸ਼ ਹੋਇਆ ਮੈਂ ਆਤਮਾ ਪਰਮਤਮਾ ਦੀ ਸੰਤਾਨ ਹਾਂ। ਬਾਕੀ ਕੋਈ ਆਪਣੇ ਨੂੰ ਹਮ ਸੋ ਦੇਵਤਾ ਸਮਝ ਉਸ ਲਕਸ਼ ਵਿੱਚ ਸਥਿਤ ਰਹਿਣਗੇ ਤਾਂ ਫਿਰ ਜੋ ਪਰਮਾਤਮਾ ਦੀ ਸ਼ਕਤੀ ਹੈ ਉਹ ਮਿਲ ਨਹੀਂ ਸਕੇਗੀ। ਹੋਰ ਨਾ ਫਿਰ ਤੁਹਾਡੇ ਵਿਕਰਮ ਵਿਨਾਸ਼ ਹੋਣਗੇ ਹੁਣ ਇਹ ਤਾਂ ਆਪਣੇ ਨੂੰ ਫੁੱਲ ਗਿਆਨ ਹੈ, ਮੈਂ ਆਤਮਾ ਪਰਮਾਤਮਾ ਦੀ ਸੰਤਾਨ ਕਰਮਾਂਤੀਤ ਹੋ ਭਵਿੱਖ ਵਿੱਚ ਜਾਕੇ ਜੀਵਨਮੁਕਤ ਦੇਵੀ ਦੇਵਤਾ ਪਦਵੀ ਪਾਵਾਂਗੇ, ਇਸ ਲਕਸ਼ ਵਿੱਚ ਰਹਿਣ ਨਾਲ ਉਹ ਤਾਕਤ ਮਿਲ ਜਾਂਦੀ ਹੈ। ਹੁਣ ਇਹ ਜੋ ਮਨੁੱਖ ਚਾਹੁੰਦੇ ਹਨ ਸਾਨੂੰ ਸੁੱਖ ਸ਼ਾਂਤੀ ਪਵਿੱਤਰਤਾ ਚਾਹੀਦੀ ਹੈ, ਉਹ ਵੀ ਜਦੋਂ ਪੂਰਨ ਯੋਗ ਹੋਵੇਗਾ ਉਦੋਂ ਹੀ ਪ੍ਰਾਪਤੀ ਹੋਵੇਗੀ। ਬਾਕੀ ਦੇਵਤਾ ਪਦਵੀ ਤਾਂ ਆਪਣੀ ਭਵਿੱਖ ਪ੍ਰਾਲਬੱਧ ਹੈ, ਆਪਣਾ ਪੁਰਸ਼ਾਰਥ ਵੱਖ ਹੈ ਅਤੇ ਆਪਣੀ ਪ੍ਰਾਲਬੱਧ ਵੀ ਵੱਖ ਹੈ। ਤਾਂ ਇਹ ਲਕਸ਼ ਵੀ ਵੱਖ ਹੈ, ਆਪਣੇ ਨੂੰ ਇਸ ਲਕਸ਼ ਵਿੱਚ ਨਹੀਂ ਰਹਿਣਾ ਹੈ ਕਿ ਮੈਂ ਪਵਿੱਤਰ ਆਤਮਾ ਅਖਰੀਨ ਪਰਮਾਤਮਾ ਬਣ ਜਾਵਾਂਗੀ, ਨਹੀਂ। ਪਰ ਸਾਨੂੰ ਪਰਮਾਤਮਾ ਦੇ ਨਾਲ ਯੋਗ ਲਗਾਕੇ ਪਵਿੱਤਰ ਆਤਮਾ ਬਣਨਾ ਹੈ। ਬਾਕੀ ਆਤਮਾ ਨੂੰ ਕੋਈ ਪਰਮਾਤਮਾ ਨਹੀਂ ਬਣਨਾ ਹੈ।

2) ਇਸ ਅਵਿਨਾਸ਼ੀ ਈਸ਼ਵਰੀ ਗਿਆਨ ਤੇ ਅਨੇਕ ਨਾਮ ਧਰੇ ਗਏ ਹਨ (ਰੱਖੇ ਗਏ ਹਨ) ਕਈ ਇਸ ਨੂੰ ਗਿਆਨ ਦਾ ਅੰਮ੍ਰਿਤ ਵੀ ਕਹਿੰਦੇ ਹਨ, ਕੋਈ ਗਿਆਨ ਨੂੰ ਅੰਜਨ ਵੀ ਕਹਿੰਦੇ ਹਨ। ਗੁਰੂਨਾਨਕ ਨੇ ਕਿਹਾ ਗਿਆਨ ਅੰਜਨ ਗੁਰੂ ਦੀਆ, ਕਿਸੇ ਨੇ ਫਿਰ ਗਿਆਨ ਵਰਖਾ ਵੀ ਕਿਹਾ ਹੈ ਕਿਉਂਕਿ ਇਸ ਗਿਆਨ ਨਾਲ ਨਾਲ ਸਾਰੀ ਸ੍ਰਿਸ਼ਟੀ ਸਬਜ਼ (ਹਰੀ ਭਰੀ) ਬਣ ਜਾਂਦੀ ਹੈ। ਜੋ ਵੀ ਤਮੋਂਪ੍ਰਧਾਨ ਮਨੁੱਖ ਹਨ ਉਹ ਸਤੋਗੁਣੀ ਮਨੁੱਖ ਬਣ ਜਾਂਦੇ ਹਨ ਅਤੇ ਗਿਆਨ ਅੰਜਨ ਨਾਲ ਹਨੇਰਾ ਮਿਟ ਜਾਂਦਾ ਹੈ। ਇਸ ਹੀ ਗਿਆਨ ਨੂੰ ਫਿਰ ਅੰਮ੍ਰਿਤ ਵੀ ਕਹਿੰਦੇ ਹਨ ਜਿਸਨਾਲ ਜੋ ਮਨੁੱਖ ਪੰਜ ਵਿਕਾਰਾਂ ਦੀ ਅਗਨੀ ਵਿੱਚ ਸੜ ਰਹੇ ਹਨ। ਉਸ ਨਾਲ ਠੰਡੇ ਹੋ ਜਾਂਦੇ ਹਨ। ਦੇਖੋ ਗੀਤਾ ਵਿੱਚ ਪਰਮਾਤਮਾ ਸਾਫ਼ ਕਹਿੰਦਾ ਹੈ ਕਾਮੇਸ਼ੂ, ਕਰੋਧੇਸ਼ੂ ਉਸ ਦੇ ਵਿੱਚ ਪਹਿਲਾ ਮੁੱਖ ਹੈ ਕਾਮ, ਜੋ ਹੀ ਪੰਜ ਵਿਕਾਰਾਂ ਵਿੱਚ ਮੁਖ ਬੀਜ ਹੈ। ਬੀਜ਼ ਹੋਣ ਨਾਲ ਫਿਰ ਕ੍ਰੋਧ ਲੋਭ ਮੋਹ ਹੰਕਾਰ ਆਦਿ ਝਾੜ ਪੈਦਾ ਹੁੰਦਾ ਹੈ, ਉਸਨਾਲ ਮਨੁੱਖਾਂ ਦੀ ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ। ਹੁਣ ਉਸ ਹੀ ਬੁੱਧੀ ਵਿੱਚ ਗਿਆਨ ਦੀ ਧਾਰਨਾ ਹੁੰਦੀ ਹੈ, ਜਦੋਂ ਗਿਆਨ ਦੀ ਧਾਰਨਾ ਪੂਰਨ ਬੁੱਧੀ ਵਿੱਚ ਹੋ ਜਾਂਦੀ ਹੈ ਉਦੋ ਹੀ ਵਿਕਾਰਾਂ ਦਾ ਬੀਜ਼ ਖ਼ਤਮ ਹੋ ਜਾਂਦਾ ਹੈ। ਬਾਕੀ ਸੰਨਿਆਸੀ ਤਾਂ ਸਮਝਦੇ ਹਨ ਵਿਕਾਰਾਂ ਨੂੰ ਵੱਸ਼ ਕਰਨਾ ਬੜੀ ਕਠਿਨ ਗੱਲ ਹੈ। ਹੁਣ ਇਹ ਗਿਆਨ ਤਾਂ ਸਨਿਆਸੀਆਂ ਵਿੱਚ ਹੈ ਹੀ ਨਹੀਂ। ਤਾਂ ਇਵੇਂ ਦੀ ਸਿੱਖਿਆ ਦੇਣ ਕਿਵੇਂ? ਸਿਰਫ਼ ਇਵੇਂ ਹੀ ਕਹਿੰਦੇ ਹਨ ਕਿ ਮਰਿਆਦਾ ਵਿੱਚ ਰਹੋ। ਪਰ

ਅਸਲ ਮਰਿਆਦਾ ਕਿਹੜੀ ਸੀ? ਉਹ ਮਰਿਆਦਾ ਤਾਂ ਅੱਜਕਲ ਟੁੱਟ ਗਈ ਹੈ, ਕਿਥੇ ਉਹ ਸਤਿਯੁਗੀ, ਤ੍ਰੇਤਾਯੁਗੀ ਦੇਵੀ ਦੇਵਤਾਵਾਂ ਦੀ ਮਰਿਆਦਾ ਜੋ ਗ੍ਰਹਿਸਤ ਵਿੱਚ ਰਹਿਕੇ ਕਿਵੇਂ ਨਿਰਵਿਕਾਰੀ ਪ੍ਰਵ੍ਰਿਤੀ ਵਿੱਚ ਰਹਿੰਦੇ ਸਨ। ਹੁਣ ਉਹ ਸੱਚੀ ਮਰਿਆਦਾ ਕਿੱਥੇ ਹੈ? ਅੱਜਕਲ ਤਾਂ ਉਲਟੀ ਵਿਕਾਰੀ ਮਰਿਆਦਾ ਪਾਲਣ ਕਰ ਰਹੇ ਹਨ, ਇੱਕ ਦੋ ਨੂੰ ਇਵੇਂ ਹੀ ਸਿਖਾਉਂਦੇ ਹਨ ਕਿ ਮਰਿਆਦਾ ਵਿੱਚ ਚੱਲੋ। ਮਨੁੱਖ ਦਾ ਪਹਿਲਾ ਕੀ ਫਰਜ਼ ਹੈ, ਉਹ ਤਾਂ ਕੋਈ ਨਹੀਂ ਜਾਣਦੇ, ਬਸ ਇਨਾਂ ਹੀ ਪ੍ਰਚਾਰ ਕਰਦੇ ਹਨ ਕਿ ਮਰਿਆਦਾ ਵਿੱਚ ਰਹੋ, ਪਰ ਐਨਾ ਵੀ ਨਹੀਂ ਜਾਣਦੇ ਕਿ ਮਨੁੱਖ ਦੀ ਪਹਿਲੀ ਮਰਿਆਦਾ ਕਿਹੜੀ ਹੈ? ਮਨੁੱਖ ਦੀ ਪਹਿਲੀ ਮਰਿਆਦਾ ਹੈ ਨਿਰਵਿਕਾਰੀ ਬਣਨਾ। ਜੇਕਰ ਕਿਸੇ ਨੂੰ ਅਜਿਹਾ ਪੁੱਛਿਆ ਜਾਵੇ ਤੁਸੀਂ ਇਸ ਮਰਿਯਾਦਾ ਵਿੱਚ ਰਹਿੰਦੇ ਹੋ? ਤਾਂ ਕਹਿ ਦਿੰਦੇ ਹਨ ਅੱਜਕਲ ਇਸ ਕਲਯੁਗੀ ਸ੍ਰਿਸ਼ਟੀ ਵਿੱਚ ਨਿਰਵਿਕਾਰੀ ਹੋਣ ਦੀ ਹਿੰਮਤ ਨਹੀਂ ਹੈ। ਹੁਣ ਮੁਖ ਤੋਂ ਕਹਿਣਾ ਹੈ ਕਿ ਮਰਿਆਦਾ ਵਿੱਚ ਰਹੋ, ਨਿਰਵਿਕਾਰੀ ਬਣੋ ਇਸ ਨਾਲ ਤਾਂ ਕੋਈ ਨਿਰਵਿਕਾਰੀ ਬਣ ਨਹੀਂ ਸਕਦਾ। ਨਿਰਵਿਕਾਰੀ ਬਣਨ ਦੇ ਲਈ ਪਹਿਲੇ ਇਸ ਗਿਆਨ ਦੀ ਤਲਵਾਰ ਨਾਲ ਇਹਨਾਂ ਪੰਜ ਵਿਕਾਰਾਂ ਦੇ ਬੀਜ਼ ਨੂੰ ਖ਼ਤਮ ਕਰਨਾ ਉਦੋਂ ਹੀ ਵਿਕਰਮ ਭਸਮ ਹੋ ਸਕਣਗੇ। ਅੱਛਾ। ਓਮ ਸ਼ਾਂਤੀ।